


ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ) ਬਾਰੇ ਬਾਲਗ ਵਿਅਕਤੀਆਂ, ਬੱਚਿਆਂ ਅਤੇ ਨੌਜਵਾਨਾਂ ਵਲੋਂ ਕਹੀਆਂ ਗਈਆਂ ਕੁਝ ਇਕ ਗੱਲਾਂ ਇਹ ਹਨ:

“ ਪ੍ਰਾਈਵੇਟ ਫੌਸਟਰ ਪ੍ਰਬੰਧ ਵਿਚ ਬੱਚਿਆਂ ਅਤੇ ਬਾਲਗਾਂ ਨੂੰ ਕਈ ਵਾਰ ਸਲਾਹ ਅਤੇ ਸਹਾਇਤਾ ਦੀ ਲੋੜ ਪੈਂਦੀ ਹੈ”

“ ਬੱਚਿਆਂ ਅਤੇ ਨੌਜਵਾਨਾਂ ਦੀ ਦੇਖ-ਭਾਲ ਕਰਨ ਵਾਲੇ ਬਾਲਗ ਵਿਅਕਤੀ ਉਹ ਭੱਤੇ ਲੈ ਸਕਦੇ ਹਨ ਜਿਨ੍ਹਾਂ ਦੇ ਉਹ ਹੱਕਦਾਰ ਹੁੰਦੇ ਹਨ”

“ਪ੍ਰਾਈਵੇਟ ਫੌਸਟਰਿੰਗ ਪ੍ਰਬੰਧ ਵਿਚ ਬੱਚਿਆਂ ਦੀ ਦੇਖ-ਭਾਲ ਕਰਨ ਵਾਲੇ ਬਾਲਗ ਵਿਅਕਤੀਆਂ ਨੂੰ ਮੁਫ਼ਤ ਸਿਖਲਾਈ ਮਿਲ ਸਕਦੀ ਹੈ”।

**ਹੋਰ ਜਾਣਕਾਰੀ ਚਾਹੀਦੀ ਹੋਵੇ, ਤਾਂ ਸੰਪਰਕ ਕਰੋ:**

ਪ੍ਰਾਈਵੇਟ ਪਾਲਣ ਪੋਸਣ (ਫੌਸਟਰਿੰਗ) ਬਾਰੇ ਹੋਰ ਜਾਣਕਾਰੀ ਲੈਣ ਲਈ ਜਾਂ ਕਿਸੇ ਨੂੰ ਦੱਸਣ ਲਈ ਕਿ ਤੁਹਾਡੇ ਖਿਆਲ ਵਿਚ ਤੁਹਾਡਾ ਪ੍ਰਾਈਵੇਟ ਤੌਰ ’ਤੇ ਪਾਲਣ-ਪੋਸਣ ਹੋ ਰਿਹਾ ਹੈ, ਤੁਸੀਂ ਇਨ੍ਹਾਂ ਨੂੰ ਟੈਲੀਫੋਨ ਕਰ ਸਕਦੇ ਹੋ:
ਅਡਵਾਈਸ ਐਂਡ ਅਸੈੱਸਮੈਂਟ ਟੀਮ
ਟੈਲੀਫੋਨ: 0161 253 5454
**ਜਾਂ ਈਮੇਲ ਕਰੋ:**
**AdviceandAssessment@bury.gov.uk**
**ਜਾਂ ਹੇਠ ਲਿਖੇ ਪਤੇ ’ਤੇ ਆ ਕੇ ਮਿਲੋ:**
ਚਿਲਡਰਨ ਸਰਵਿਸਿਜ਼, ਅਥੈਨੀਅਮ ਹਾਊਸ,
ਮਾਰਕੀਟ ਸਟਰੀਟ, ਬਰੀ, ਲੰਕਾਸ਼ਾਇਰ, BL9 0BN
ਤੁਸੀਂ ਔਨ ਲਾਈਨ ਵੀ ਹੋਰ ਜਾਣਕਾਰੀ ਲੈ ਸਕਦੇ ਹੋ:
**Bury Council—Private Fostering**
**ਜਾਂ ਦੇਖੋ:**
**www.privatefostering.org.uk**

# ਮਾਪਿਆਂ ਅਤੇ ਕੇਅਰਰਜ਼ ਵਾਸਤੇ ਜਾਣਕਾਰੀ

**ਕੀ ਤੁਸੀਂ ਕਿਸੇ ਅਜਿਹੇ ਬੱਚੇ ਦੀ ਦੇਖ-ਭਾਲ ਕਰਦੇ ਹੋ ਜੋ ਤੁਹਾਡਾ ਆਪਣਾ ਨਹੀਂ?**

**ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਕਿਸੇ ਹੋਰ ਦੇ ਬੱਚੇ ਦੀ ਦੇਖ-ਭਾਲ ਕਰਦਾ ਹੈ?**

**ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਲੀਫ਼ਲੈੱਟ ਪੜ੍ਹਨਾ ਚਾਹੀਦਾ ਹੈ।**



**ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ)**

Bury Safeguarding Children Board



## ਜੇਕਰ ਤੁਸੀਂ ਸਵਾਲ ਦਾ ਜਵਾਬ ਹਾਂ ਵਿਚ ਦਿੱਤਾ ਹੈ ਤਾਂ ਤੁਸੀਂ ਪ੍ਰਾਈਵੇਟ ਫੌਸਟਰਿੰਗ ਪ੍ਰਬੰਧ ਵਿਚ ਹੋ ਸਕਦੇ ਹੋ। ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ) ਕੀ ਹੈ?

ਪ੍ਰਾਈਵੇਟ ਫੌਸਟਰਿੰਗ ਬੱਚਿਆਂ ਅਤੇ 16 ਸਾਲ (ਜਾਂ ਅਪਾਹਿਜ ਬੱਚਾ ਹੋਵੇ ਤਾਂ 18 ਤੋਂ ਘੱਟ) ਨੌਜਵਾਨਾਂ ਵਾਸਤੇ ਪਾਲਣ-ਪੋਸਣ ਦਾ ਪ੍ਰਬੰਧ ਹੈ ਜਿੱਥੇ ਕਿਸੇ ਮਾਪੇ ਜਾਂ ਮਾਪੇ ਵਾਲੀ ਜ਼ਿੰਮੇਵਾਰੀ ਵਾਲੇ ਵਿਅਕਤੀ ਨੇ ਬੱਚੇ ਨੂੰ ਨਜ਼ਦੀਕੀ ਰਿਸ਼ਤੇਦਾਰ ਦੀ ਬਜਾਇ ਕਿਸੇ ਹੋਰ ਮਾਪੇ ਕੋਲ ਰਹਿਣ ਲਈ ਭੇਜਿਆ ਹੋਵੇ। ਨਜ਼ਦੀਕੀ ਰਿਸ਼ਤੇਦਾਰ ਗਰੈਂਡਪੇਰੈਂਟ ਭਾਵ ਦਾਦਾ, ਦਾਦੀ, ਨਾਨਾ ਨਾਨੀ, ਭਰਾ, ਭੈਣ, ਅੰਕਲ ਜਾਂ ਆਂਟੀ (ਜਿਨ੍ਹਾਂ ਨਾਲ ਭਾਵੇਂ ਖ਼ੂਨ ਦਾ ਪੂਰਾ ਜਾਂ ਅੱਧਾ ਰਿਸ਼ਤਾ ਹੋਵੇ, ਜਾਂ ਸ਼ਾਦੀ ਜਾਂ ਸਿਵਲ ਪਾਰਟਨਰਸ਼ਿਪ ਰਾਹੀਂ ਰਿਸ਼ਤਾ ਹੋਵੇ) ਜਾਂ ਉਹ ਮਤੇਰ ਮਾਪਾ ਹੋਵੇ। ਜੇਕਰ ਤੁਸੀਂ ਕਿਸੇ ਬੱਚੇ ਦੀ 28 ਦਿਨ ਤੱਕ ਦੇਖ-ਭਾਲ ਕਰਨੀ ਚਾਹੁੰਦੇ ਹੋ ਜਾਂ ਪਹਿਲਾਂ ਹੀ ਕਿਸੇ ਬੱਚੇ ਦੀ 28 ਦਿਨ ਤੋਂ ਵੱਧ ਦੇਖ-ਭਾਲ ਕਰ ਚੁੱਕੇ ਹੋ, ਤਾਂ ਇਹ ਪ੍ਰਾਈਵੇਟ ਫੌਸਟਰਿੰਗ ਹੈ। ਪ੍ਰਾਈਵੇਟ ਫੌਸਟਰਿੰਗ ਰਾਹੀਂ ਜੇਕਰ ਤੁਸੀਂ ਕਿਸੇ ਦੇ ਬੱਚੇ ਦੀ ਦੇਖ-ਭਾਲ ਕਰਨ ਵਾਲੇ ਬਾਲਗ ਵਿਅਕਤੀ ਹੋ ਤਾਂ ਤੁਹਾਨੂੰ ਇਸ ਬਾਰੇ ਬਰੀ ਕੌਂਸਲ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ।

## ਪ੍ਰਾਈਵੇਟ ਫੌਸਟਰਿੰਗ ਰਾਹੀਂ ਨੌਜਵਾਨਾਂ ਦੀ ਦੇਖ-ਭਾਲ ਦੀਆਂ ਕੁਝ ਉਦਾਹਰਣਾਂ ਇਹ ਹਨ:

- ਬਾਹਰਲੇ ਦੇਸ਼ ਤੋਂ ਆਇਆ ਬੱਚਾ ਜਿਸਨੂੰ ਪੜ੍ਹਾਈ ਜਾਂ ਇਲਾਜ ਵਾਸਤੇ ਇਸ ਦੇਸ਼ ਵਿਚ ਕਿਸੇ ਪਰਿਵਾਰ ਕੋਲ ਰਹਿਣ ਲਈ ਭੇਜਿਆ ਗਿਆ ਹੋਵੇ।
- ਇਕ ਟੀਨਏਜਰ ਭਾਵ ਗਭਰੂ ਜਾਂ ਮੁਟਿਆਰ, ਜੋ ਆਪਣੇ ਦੋਸਤ ਦੇ ਪਰਿਵਾਰ ਨਾਲ ਰਹਿ ਰਹੇ ਹਨ ਕਿਉਂਕਿ ਉਨ੍ਹਾਂ ਦੀ ਆਪਣੇ ਪਰਿਵਾਰ ਨਾਲ ਨਹੀਂ ਬਣਦੀ।
- ਇਕ ਗਭਰੂ ਜਾਂ ਮੁਟਿਆਰ ਜੋ ਆਪਣੇ ਬੌਏਫਰੈਂਡ/ਗਰਲਫਰੈਂਡ ਦੇ ਪਰਿਵਾਰ ਨਾਲ ਰਹਿੰਦੇ ਹਨ।
- ਇਕ ਬੱਚਾ ਆਪਣੇ ਦੋਸਤ ਦੇ ਪਰਿਵਾਰ ਨਾਲ ਇਸ ਕਰਕੇ ਰਹਿ ਰਿਹਾ ਹੈ ਕਿਉਂਕਿ ਉਸਦਾ ਇਕ ਜਾਂ ਦੋਨੋਂ ਮਾਪੇ ਹਸਪਤਾਲ ਵਿਚ ਹਨ ਅਤੇ ਘਰ ਵਿਚ ਉਨ੍ਹਾਂ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਹੈ।
- ਮਾਪਿਆਂ ਦੇ ਅਲਹਿਦਾ ਹੋਣ ਜਾਂ ਉਨ੍ਹਾਂ ਦਾ ਤਲਾਕ ਹੋਣ ਕਾਰਨ ਬੱਚੇ ਕਿਸੇ ਪਰਿਵਾਰ ਨਾਲ ਰਹਿ ਰਹੇ ਹਨ।
- ਉਹ ਬੱਚੇ ਜਿਨ੍ਹਾਂ ਦੇ ਮਾਪੇ ਲੰਬੇ ਸਮੇਂ ਲਈ ਹਸਪਤਾਲ ਦਾਖ਼ਲ ਹੋ ਗਏ ਹਨ ਅਤੇ ਬੱਚਿਆਂ ਨੂੰ ਆਪਣੇ ਦੋਸਤਾਂ ਨਾਲ ਰਹਿਣਾ ਪੈਂਦਾ ਹੈ।





## ਚਿਲਡਰਨ ਐਂਡ ਯੰਗ ਪੀਪਲਜ਼ ਸਰਵਿਸਿਜ਼ ਕੀ ਕਰੇਗੀ?

ਕਾਨੂੰਨ ਅਨੁਸਾਰ ਬਰੀ ਕੌਂਸਲ ਨੂੰ ਇਹ ਗੱਲ ਲਾਜ਼ਮੀ ਯਕੀਨੀ ਬਣਾਉਣੀ ਪਵੇਗੀ ਕਿ ਜਿੱਥੇ ਤੁਸੀਂ ਰਹਿੰਦੇ ਹੋ, ਉੱਥੇ ਤੁਹਾਡੀ ਠੀਕ ਤਰ੍ਹਾਂ ਨਾਲ ਦੇਖ-ਭਾਲ ਹੋ ਰਹੀ ਹੈ ਅਤੇ ਉਹ ਸੋਸ਼ਲ ਵਰਕਰ ਨੂੰ ਕਹਿਣਗੇ ਕਿ ਉਹ ਆ ਕੇ ਤੁਹਾਨੂੰ ਦੇਖਣ ਕਿ ਤੁਸੀਂ ਠੀਕ ਹੋ।

ਉਹ ਤੁਹਾਡੇ ਨਾਲ ਅਤੇ ਜਿਸਦੀ ਤੁਸੀਂ ਦੇਖ-ਭਾਲ ਕਰਦੇ ਹੋ ਉਸ ਨਾਲ ਗੱਲਬਾਤ ਕਰਕੇ ਪਤਾ ਲਗਾਉਣਗੇ ਕਿ ਕੀ ਤੁਹਾਡੇ ਵਿਚੋਂ ਕਿਸੇ ਨੂੰ ਸਹਾਇਤਾ ਦੀ ਲੋੜ ਹੈ। ਉਹ ਮਾਪਿਆਂ ਨਾਲ ਵੀ ਸੰਪਰਕ ਬਣਾਉਣਗੇ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਨੂੰ ਪਤਾ ਹੈ ਕਿ ਸਭ ਕੁਝ ਠੀਕ ਹੈ।

ਬਰੀ ਕੌਂਸਲ ਨੂੰ ਇਹ ਗੱਲ ਯਕੀਨੀ ਬਣਾਉਣੀ ਪੈਣੀ ਹੈ ਕਿ ਪ੍ਰਾਈਵੇਟ ਫੌਸਟਰਿੰਗ ਵਾਲੇ ਬੱਚਿਆਂ ਦੀ ਦੇਖ-ਭਾਲ ਠੀਕ ਤਰੀਕੇ ਨਾਲ ਹੋ ਰਹੀ ਹੈ।